# ਜਿਉਮੈਟਰੀਕਲ ਡਰਾਇੰਗ ਅਤੇ ਚਿੱਤਰਕਲਾ

## ਸ਼੍ਰੇਣੀ - ਸੱਤਵੀਂ

## ਪਾਠਕ੍ਰਮ (2024-25)

### (ਭਾਗ -1) ਡਰਾਇੰਗ

**(ੳ) ਜਿਉਮੈਟਰੀਕਲ ਡਰਾਇੰਗ (ਜ਼ਰੂਰੀ)**

1. ਤਿਕੋਣ ਅਤੇ ਤਿਕੋਣਾਂ ਦੀਆਂ ਕਿਸਮਾਂ ਅਤੇ ਇਹਨਾਂ ਤੇ ਆਧਾਰਤ ਪ੍ਰਸ਼ਨ
2. ਚਤੁਰਭੁਜ ਅਤੇ ਇਸ ਦੀਆਂ ਕਿਸਮਾਂ ਤੇ ਅਧਾਰਤ ਪ੍ਰਸ਼ਨ

   ਕਾਗਜ਼ ਦਾ ਮਾਪ: ਪੂਰੇ ਡਰਾਇੰਗ ਕਾਗਜ ਦਾ (35 ਸੈ.ਮੀ.× 25 ਸੈ.ਮੀ)

### (ਭਾਗ -2) ਚਿੱਤਰਕਲਾ

**(ਅ) ਮਾਡਲ ਡਰਾਇੰਗ (Model Drawing ) (ਵਸਤੂ ਚਿੱਤਰਣ) (ਜ਼ਰੂਰੀ )**

ਹੇਠ ਲਿਖੀਆਂ ਗੋਲ ਵਰਗਾਕਾਰ ਤੇ ਆਇਤਾਕਾਰ ਵਸਤੂਆਂ ਦੇ ਚਿੱਤਰ ਬਣਾਉਣੇ - ਜਿਵੇਂ ਕਿ ਕੀਪ (ਸ਼ੀਸ਼ੇ ਦੀ), ਫੁੱਲਦਾਨ, ਇੱਟ, ਚਾਕਾਂ ਦਾ ਡੱਬਾ, ਬੰਦ ਪੁਸਤਕ ਆਦਿ ।

ਨੋਟ: ਪੈਨਸਲ ਜਾਂ ਪੇਸਟਲ ਰੰਗਾਂ ਦੁਆਰਾ ਪ੍ਰਕਾਸ਼ ਅਤੇ ਛਾਂ (Light & Shade) ਦੇ ਸਿਧਾਂਤ ਦੀ ਜਾਣਕਾਰੀ ਨੂੰ ਵਿਕਸਿਤ ਕੀਤਾ ਜਾਵੇ।

**(ੲ) ਕਲਪਨਾਮਈ ਚਿੱਤਰਕਲਾ(Imaginative Drawing)**

1. (i) ਫਰੀਹੈਂਡ ਸਕੈਚਿੰਗ /ਚਾਰਕੋਲ, ਪੈਨਸਲ, ਕਰਓਨ ਪੇਸਟਲ Crayon Pastel) ਬੁਰਸ਼ ਅਤੇ ਰੰਗਾਂ ਦੁਆਰਾ ਕਲਪਨਾਮਈ ਸਕੈਚਿੰਗ।

   (ii) ਬੱਚੇ ਦਾ ਸੁਤੰਤਰ ਸਵੈ ਪ੍ਰਗਟਾਵਾ (Freehand self expression)-ਛੇਵੀਂ ਦੇ ਕੰਮ ਨੂੰ ਜਾਰੀ ਰੱਖਦਿਆਂ ਸੁਤੰਤਰ ਪ੍ਰਗਟਾ ਦੁਆਰਾ ਸੁੰਦਰ ਧਰਤੀ ਦਿਸ਼੍ਰਾਂ ਦੀ ਚਿੱਤਰਕਾਰੀ ਜਿਵੇਂ ਦਰੱਖਤ, ਪਹਾੜਾਂ ਦੇ ਦ੍ਰਿਸ਼ ਆਦਿ।

   (iii) ਨਿਤਾਪ੍ਰਤੀ ਦੇ ਜੀਵਨ ਵਿੱਚ ਵਾਪਰਦੀਆਂ ਘਟਨਾਵਾਂ ਦ੍ਰਿਸਾਂ ਦੀ ਚਿੱਤਰਕਾਰੀ, ਰੰਗ ਬਰੰਗੇ ਭੁਕਾਨੇ (ਗੁਬਾਰੇ) ਵੇਚਣ ਵਾਲਾ, ਫੁੱਟਬਾਲ ਖੇਡਦਾ ਮੁੰਡਾ, ਘੰਟੀ ਵਜਾਉਂਦਾ ਸਹਾਇਕ ਕਰਮਚਾਰੀ, ਭਾਰ ਢੋਂਦਾ ਮਜ਼ਦੂਰ ਆਦਿ।

ਨੋਟ: ਕਲਪਨਾਮਈ ਚਿੱਤਰਾਂ ਵਿਚਲੇ ਕੰਮ ਦੀ ਪੂਰਤੀ ਪਾਣੀ ਜਾਂ ਪੇਸਟਲ ਰੰਗਾਂ ਦੁਆਰਾ ਕੀਤੀ ਜਾਵੇਗੀ।

2. ਆਕਾਰੀ ਰੇਖਾ ਚਿੱਤਰ **(Figure Drawing)**

(i) ਤੀਲੀ ਰੇਖਾਵਾਂ **(Stick figure Drawing) ਦੁਆਰਾ ਮਨੁੱਖੀ ਚਿੱਤਰ ਤਿਆਰ ਕਰਨੇ।**

(iii) ਸਮਾਨੀ ਰੇਖਾਵਾਂ ਨਾਲ ਰੇਖਾ ਵਿਧੀ ਦੁਆਰਾ ਆਮ ਜਾਣੇ ਪਛਾਣੇ ਹੇਠ ਲਿਖੇ ਚਾਰ ਜਾਨਵਰਾਂ ਦੇ ਵੱਖ- ਵੱਖ ਸਥਿਤੀਆਂ ਵਿੱਚ ਚਿੱਤਰ ਬਣਾਉਣੇ | ਜਿਵੇਂ ਕੁੱਤਾ, ਚੂਹਾ, ਬਿੱਲੀ ਅਤੇ ਹਾਥੀ ।

(iii) ਕਾਰਟੂਨ ਡਰਾਇੰਗ (ਹਾਸਰਸ ਵਿਅੰਗ ਦੇ ਅਧਾਰਿਤ ਮਨੁੱਖੀ, ਜਾਨਵਰ ਅਤੇ ਪੰਛੀਆਂ ਦੇ ਕਾਰਟੂਨ ਤਿਆਰ ਕਰਨੇ)

3. ਅੱਖਰ ਲਿਖਣ ਕਲਾ ਅਤੇ ਪੋਸਟਰ ਡਿਜ਼ਾਈਨਿੰਗ **(Lettering & Poster Designing)**

ਪੋਸਟਰ ਤਿਆਰ ਕਰਵਾਏ ਜਾਣ ਜਿਨ੍ਹਾਂ ਵਿੱਚ ਸਫਾਈ ਰੱਖਣ, ਵਧੇਰੇ ਫ਼ਲ ਖਾਣ, ਖੇਡਾਂ ਵਿੱਚ ਭਾਗ ਲੈਣ ਅਤੇ ਵਧੇਰੇ ਅੰਨ ਉਗਾਉਣ ਦਾ ਸੰਦੇਸ਼ ਹੋਵੇ। ਇਨ੍ਹਾਂ ਪੋਸਟਰਾਂ ਦੇ ਸੰਦੇਸ਼ ਮੁਤਾਬਕ ਵਰਤੇ ਜਾਣ ਵਾਲੇ ਸਾਧਾਰਨ ਚਿੰਨ੍ਹ ਬੱਚੇ ਆਪਣੀ ਕਲਪਨਾ ਸ਼ਕਤੀ ਤੋਂ ਹੀ ਤਿਆਰ ਕਰਨ।

4. ਡਿਜ਼ਾਇਨ **(Design)**

(i) ਜਿਊਮੈਟਰੀ ਦੇ ਨਮੂਨਿਆਂ ਦਾ ਬਣਾਉਣਾ ਜਾਰੀ ਰਹੇਗਾ । ਜਾਣੇ ਪਹਿਚਾਣੇ ਫੁੱਲਾਂ ਨੂੰ ਦੇਖ ਕੇ ਉਹਨਾਂ ਤੋਂ ਸਰਲ ਡਿਜ਼ਾਇਨ ਤਿਆਰ ਕਰਨੇ । ਆਕਾਰਾਂ ਦੇ ਡਿਜ਼ਾਇਨ ਤਿਆਰ ਕਰਨੇ। ਆਕਾਰਾਂ ਡਿਜ਼ਾਇਨਾਂ ਨੂੰ ਗਿਣਤੀ ਦੇ ਵਰਗ ਵਿੱਚ ਬਣਾਇਆ ਜਾਵੇ । ਡਿਜ਼ਾਇਨ ਵਿੱਚ ਪੋਸਟਰ ਰੰਗ ਭਰੇ ਜਾਣ

(ii) ਸਟੈਸਲਿੰਗ (Stencilling) ਕਾਗਜ਼ ਨੂੰ ਕੱਟ ਕੇ ਚਿੱਤਰਾਂ ਦੀ ਬਨਾਵਟ ਜਿਵੇਂ ਅੱਖਰ, ਪੰਛੀ ਆਦਿ।

(iii) ਪੇਪਰ ਕਟਿੰਗ ਅਤੇ ਕੋਲਾਜ ਰਚਨਾ: **(Paper cutting & Collage making)-** ਰੰਗਦਾਰ ਕਾਗਜ ਨੂੰ ਕੱਟ ਕੇ ਚਿੱਤਰ ਤਿਆਰ ਕਰਨੇ ।